# ਨਿਊਜ਼ ਰਿਲੀਜ਼

ਤੁਰੰਤ ਜਾਰੀ ਕਰਨ ਲਈ
5 ਦਸੰਬਰ, 2019

ਆਵਾਜਾਈ ਅਤੇ ਬੁਨਿਆਦੀ ਢਾਂਚਾ ਮੰਤਰਾਲਾ

**ਪਾਰਟੀ ਬੱਸ ਉਦਯੋਗ ਵਿੱਚ ਮੁਸਾਫਰਾਂ ਦੀ ਸੁਰੱਖਿਆ ਲਈ ਤਬਦੀਲੀਆਂ**

ਡੈਲਟਾ–ਪਾਰਟੀ ਬੱਸਾਂ ਅਤੇ ਲਿਮੋਜ਼ੀਨ 'ਤੇ ਵਾਧੂ ਚੈਕਿੰਗ ਇਸ ਉਦਯੋਗ ਵਿੱਚ ਸੁਰੱਖਿਆ ਨੂੰ ਬਿਹਤਰ ਬਣਾ ਰਹੀ ਹੈ, ਯਾਤਰੀ ਆਵਾਜਾਈ ਲਾਗੂ ਕਰਨ ਵਾਲੇ ਅਧਿਕਾਰੀ ਪਿਛਲੇ ਤਿੰਨ ਸਾਲਾਂ ਨਾਲੋਂ ਵਧੇਰੇ ਚੈਕਿੰਗ ਕਰ ਰਹੇ ਹਨ।

"ਅ੍ਰਪੈਲ ਵਿੱਚ ਅਸੀਂ ਸਖਤ ਕਦਮ ਚੁੱਕੇ ਸਨ, ਜਿਹਨਾਂ ਵਿੱਚ ਬੱਸਾਂ ਵਿੱਚ ਇੱਕਲੇ ਸਫਰ ਕਰਨ ਵਾਲੇ ਨਾਬਾਲਗ ਬੱਚਿਆਂ ਦੀ ਸੁਰੱਖਿਆ ਲਈ ਸੇਫਟੀ ਮਾਨੀਟਰ ਦੀ ਜ਼ਰੂਰਤ ਸ਼ਾਮਲ ਹੈ", ਆਵਾਜਾਈ ਅਤੇ ਬੁਨਿਆਦੀ ਢਾਂਚਾ ਮੰਤਰੀ ਕਲੇਅਰ ਟਰੀਵੀਨਾ ਵੱਲੋਂ ਸਰ੍ਰੀ ਗਿਲਫਰਡ ਦੇ ਵਿਧਾਇਕ ਗੈਰੀ ਬੈਗ ਨੇ ਕਿਹਾ। "ਅੱਜ ਅਸੀਂ ਪਿਛਲੇ ਮਹੀਨਿਆਂ ਦੌਰਾਨ ਕੀਤੇ ਸੁਰੱਖਿਆ ਸੁਧਾਰਾਂ ਨੂੰ ਫੇਰ ਤੋਂ ਲਾਗੂ ਕਰ ਰਹੇ ਹਾਂ: ਪਾਲਣਾ ਨਾ ਕਰਨ 'ਤੇ ਵਧੇਰੇ ਜੁਰਮਾਨੇ, ਅਤੇ ਹੋਰ ਮੁਆਇਨੇ ਕਰਨ ਲਈ ਵਾਧੂ ਯਾਤਰੀ ਆਵਾਜਾਈ ਲਾਗੂ ਕਰਨ ਵਾਲੇ ਅਧਿਕਾਰੀ।

ਨਵੇਂ ਨਿਯਮ ਜੋ 16 ਸਤੰਬਰ ਤੋਂ ਲਾਗੂ ਹੋਏ ਸਨ, ਵਿੱਚ ਉਹ ਸੋਧਾਂ ਸ਼ਾਮਲ ਹਨ ਜੋ ਪ੍ਰਬੰਧਕੀ ਜੁਰਮਾਨੇ ਵਧਾਉਂਦੀਆਂ ਹਨ, ਜਿਹਨਾਂ ਵਿੱਚ ਰਜਿਸਟਰਾਰ ਉਹਨਾਂ ਲਾਇਸੈਂਸਧਾਰੀਆਂ ਨੂੰ $1500 ਤੋਂ ਵੱਧ ਤੋਂ ਵੱਧ $50000 ਤੱਕ ਜੁਰਮਾਨਾ ਕਰ ਸਕਦਾ ਹੈ, ਜੋ ਨਿਯਮਾਂ ਦਾ ਪਾਲਣ ਨਹੀਂ ਕਰਦੇ।

ਉੱਚ ਪ੍ਰਸ਼ਾਸ਼ਕੀ ਜੁਰਮਾਨੇ ਤੋਂ ਇਲਾਵਾ ਸੂਬੇ ਨੇ ਉਦਯੋਗ ਨੂੰ ਮਜ਼ਬੂਤ ਕਰਨ ਲਈ ਹੋਰ ਮਾਪਦੰਡ ਵੀ ਅਪਣਾਏ ਹਨ। ਇਹਨਾਂ ਵਿੱਚ ਸ਼ਾਮਲ ਹਨ:

- ਪੈਰੀਮੀਟਰ ਸੀਟਾਂ ਵਾਲੀਆ ਬੱਸਾਂ ਦੀ ਚੈਕਿੰਗ ਵਿੱਚ ਵਾਧਾ ਅਤੇ ਇਸਨੂੰ ਲਾਗੂ ਕਰਨ ਵਾਲੇ ਹੋਰ ਅਧਿਕਾਰੀ
- ਬੋਰਡ 'ਤੇ ਸੇਫਟੀ ਮਾਨੀਟਰ ਦੀ ਜ਼ਰੂਰਤ, ਜਿਸਨੂੰ ਫਸਟ ਏਡ ਦੀ ਸਿਖਲਾਈ ਹੋਵੇ ਅਤੇ ਜੋ ਉਦੋਂ ਨਲੌਕਸੋਨ ਦੀ ਵਰਤੋਂ ਕਰ ਸਕਣ ਦੇ ਯੋਗ ਹੋਵੇ ਜਦ ਬੱਸਾਂ ਜਾਂ ਲਿਮੋਜ਼ੀਨ ਵਿੱਚ ਨਾਬਾਲਗ ਇੱਕਲੇ ਯਾਤਰਾ ਕਰ ਰਹੇ ਹਨ।

- ਪਾਰਟੀ ਬੱਸ ਵਿੱਚ ਨਾਬਾਲਗ ਹੋਣ ’ਤੇ ਮਾਪਿਆਂ ਅਤੇ ਸਰਪ੍ਰਸਤਾਂ ਵੱਲੋਂ ਸਹਿਮਤੀ ਫਾਰਮ।
- ਸਾਰੀਆਂ ਪਾਰਟੀ ਬੱਸਾਂ ਅਤੇ ਵਪਾਰਕ ਵਾਹਨਾਂ ਲਈ ਜੁਰਮਾਨੇ ਜੋ ਡੈਕਲਜ਼ (decals) ਪ੍ਰਦਰਸ਼ਿਤ ਨਹੀਂ ਕਰਦੇ, ਜੋ ਇਹ ਦੱਸਦਾ ਹੈ ਕਿ ਇਹਨਾਂ ਨੇ ਸੁਰੱਖਿਆ ਨਿਰੀਖਣ ਪਾਸ ਕੀਤਾ ਹੈ।

ਮੰਤਰਾਲੇ ਨੇ ਲੋਕਾਂ ਨੂੰ ਯਾਦ ਕਰਾਇਆ ਹੈ ਕਿ ਗੱਡੀ ਵਿੱਚ ਸ਼ਰਾਬ ਅਤੇ ਭੰਗ ਦਾ ਸੇਵਨ ਕਰਨਾ ਗੈਰਕਾਨੂੰਨੀ ਹੈ। ਆਰ ਸੀ ਐੱਮ ਪੀ ਅਤੇ ਸਥਾਨਕ ਪੁਲਿਸ ਇਹਨਾਂ ਛੁੱਟੀਆਂ ਦੀ ਰੁੱਤ ਪੂਰੇ ਧਿਆਨ ਨਾਲ ਇਹਨਾਂ ਨਿਯਮਾਂ ਨੂੰ ਲਾਗੂ ਕਰੇਗੀ ਅਤੇ ਕਾਨੂੰਨ ਤੋੜਨ ਵਾਲੇ ਲੋਕਾਂ ਨੂੰ ਟਿਕਟ ਦੇਣਾ ਜਾਰੀ ਰਹੇਗਾ।

ਮੀਡੀਆ ਸੰਪਰਕ:
ਮੀਡੀਆ ਰਿਲੇਸ਼ਨਜ਼
ਗੋਰਮਿੰਟ ਕਮਿਊਨੀਕੇਸ਼ਨਜ਼ ਅਤੇ ਪਬਲਿਕ ਇਨਗੇਜਮੈਂਟ
ਆਵਾਜਾਈ ਅਤੇ ਬੁਨਿਆਦੀ ਢਾਂਚਾ ਮੰਤਰਾਲਾ
250 356-8241